# बाबा पौणाहारिया तेरे सदके जावा

ਬਾਬਾ ਪੌਣਾਹਾਰੀਆ, ਤੇਰੇ ਸਦਕੇ ਜਾਵਾਂ ॥
*ਆਈਆਂ ਹੋਈਆਂ, ਸੰਗਤਾਂ ਦੀ ॥, ਮੈਂ ਧੂੜ ਮੱਥੇ ਤੇ ਲਾਵਾਂ,,,
ਬਾਬਾ ਪੌਣਾਹਾਰੀਆ, ਤੇਰੇ,,,,,,,,,,,,,,,,,,,,,,,,

ਗਊਆਂ ਦਾ ਤੂੰ, ਪਾਲੀ ਬਣਕੇ, "ਘਰ ਰਤਨੋ ਦੇ ਆਇਆ" ।
ਬਾਰਾਂ ਸਾਲ ਦੀ, ਲੱਸੀ ਰੋਟੀ, "ਕੌਤਕ ਨਵਾਂ ਦਿਖਾਇਆ" ॥
*ਚਿਮਟੇ ਵਾਲੇ, ਸਿੱਧ ਜੋਗੀ ਦੀ ॥, ਜੈ ਜੈਕਾਰ ਬੁਲਾਵਾਂ,,,
ਬਾਬਾ ਪੌਣਾਹਾਰੀਆ, ਤੇਰੇ,,,,,,,,,,,,,,,,,,,,,,,,

ਬਾਬਾ ਪੌਣਾਹਾਰੀਆ, ਤੇਰੀ ਮੋਰ ਸਵਾਰੀ ।
ਤੀਨ ਲੋਕ ਦਾ ਜੋਗੀਆ, ਤੂੰ ਪਾਲਣਹਾਰੀ ॥
*ਸ਼ਾਹਤਲਾਈਆਂ, ਦੇ ਵਿੱਚ ਜਾ ਕੇ ॥, ਰੱਜ ਰੱਜ ਦਰਸ਼ਨ ਪਾਵਾਂ,,,
ਬਾਬਾ ਪੌਣਾਹਾਰੀਆ, ਤੇਰੇ,,,,,,,,,,,,,,,,,,,,,,,,

ਵਿੱਚ ਗੁਫ਼ਾ ਦੇ, ਸੱਜ ਰਹੀ ਦੇਖੋ, "ਜੋਗੀ ਦੀ ਮੂਰਤ ਨਿਆਰੀ" ।
ਉੱਚੀ ਪਹਾੜੀ, ਦੇ ਉੱਪਰ ਹੈ, "ਭਰਥਰੀ ਦੀ ਸੂਰਤ ਪਿਆਰੀ" ॥
*ਸ਼ਰਧਾ ਵਾਲੇ, ਹਾਰ ਫੁੱਲਾਂ ਦੇ ॥, ਜੋਗੀ ਦੇ ਗਲ਼ ਵਿੱਚ ਪਾਵਾਂ,,,
ਬਾਬਾ ਪੌਣਾਹਾਰੀਆ, ਤੇਰੇ,,,,,,,,,,,,,,,,,,,,,,,,

ਸੋਹਣੀ ਏ, ਪੰਜਾਬ ਦੀ ਧਰਤੀ, "ਜਿਸ ਵਿੱਚ ਸ਼ਹਿਰ ਜਲੰਧਰ" ।
ਬਾਣੀਆਂ ਮੁਹੱਲਾ, ਬਸਤੀ ਸ਼ੇਖ ਵਿੱਚ, "ਬਾਲਕ ਨਾਥ ਦਾ ਮੰਦਰ" ॥
*ਇਸ ਮੰਦਰ ਦੀ, ਮਹਿਮਾ ਨੂੰ ਮੈਂ ॥, ਭਗਤਾਂ ਦੇ ਵਿੱਚ ਗਾਵਾਂ,,,
ਬਾਬਾ ਪੌਣਾਹਾਰੀਆ, ਤੇਰੇ,,,,,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27368/title/baba-paunahariya-tere-sadke-java

अपने Android मोबाइल पर BhajanGanga App डाउनलोड करें और भजनों का आनंद ले |